www.ajdiawaaz.com

info@ajdiawaaz.com
awaaznewsdesk@gmail.com

ਅੱਜ ਦੀ ਆਵਾਜ਼

ਕੀਮਤ 2 ਰੁਪਏ

ਟੈਲੀਫੋਨ ਨੰ.
0181- 4626370,
2235707

ਫੈਕਸ ਨੰ. :
0181-2225427,
2235427

• ਜਲੰਧਰ 17 ਜੂਨ, 2010 ਵੀਰਵਾਰ • 3 ਹਾੜ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 64 • Postel Regd. No. PB/0007/09-2011


ਸ਼ਹਿਰ ਤੇ ਆਸ ਪਾਸ
47ਵਾਂ ਮੁਫ਼ਤ ਮੈਡੀਕਲ ਜਾਂਚ ਕੈਂਪ 3

ਸੰਪਾਦਕੀ
ਦੱਖਣੀ ਏਸ਼ੀਆ ’ਚ ਅਸੁਰੱਖਿਆ ਦੀ ਭਾਵਨਾ 4

ਇੱਕ ਕਦਮ ਅੱਗੇ
ਖੇਤੀ ਸੈਕਟਰ ’ਚ ਧੁੰਮਾਂ 8

ਬਾਰਿਸ਼ ਨੇ ਰੋਕੀ ਮੁੰਬਈ ਦੀ ਰਫ਼ਤਾਰ

ਸੜਕ, ਰੇਲ ਤੇ ਹਵਾਈ ਆਵਾਜਾਈ ਪ੍ਰਭਾਵਿਤ, ਠਾਣੇ ’ਚ 8 ਮੌਤਾਂ

ਮੁੰਬਈ, 16 ਜੂਨ (ਵਿਸ਼ਵ ਵਾਰਤਾ)-ਮੁੰਬਈ ਵਿਚ ਪਿਛਲੇ ਤਿੰਨ ਤੋਂ ਲਗਾਤਾਰ ਹੋ ਰਹੀ ਬਾਰਿਸ਼ ਨੇ ਜਨਤਾ ਤੇ ਪ੍ਰਸ਼ਾਸਨ ਲਈ ਮੁਸ਼ਕਿਲਾਂ ਖੜ੍ਹੀਆਂ ਕਰਕੇ ਰੱਖ ਦਿੱਤੀਆਂ ਹਨ। ਬਾਰਿਸ਼ ਕਾਰਨ ਜਿੱਥੇ ਸੜਕ, ਰੇਲ ਅਤੇ ਹਵਾਈ ਆਵਾਜਾਈ ਉਤੇ ਅਸਰ ਪਿਆ ਹੈ, ਉਥੇ ਆਮ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕਾਂ ’ਤੇ ਚਾਰੇ ਪਾਸੇ ਪਾਣੀ-ਪਾਣੀ ਨਜ਼ਰ ਆ ਰਿਹਾ ਹੈ, ਜਿਸ ਨਾਲ ਟ੍ਰੈਫਿਕ ਜਾਮ ਲੱਗ ਗਿਆ ਤੇ ਲੋਕਾਂ ਨੂੰ ਸਵੇਰੇ-ਸਵੇਰੇ ਦਫਤਰ ਜਾਣ ਸਮੇਂ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਅਨੁਸਾਰ ਮੁੰਬਈ ਦੇ ਕਈ ਇਲਾਕਿਆਂ ਵਿਚ ਪਾਣੀ ਭਰ ਗਿਆ ਹੈ। ਕਈ ਇਲਾਕਿਆਂ ਵਿਚ ਰੇਲਵੇ ਟ੍ਰੈਕ ਵੀ ਪਾਣੀ ਵਿਚ ਡੁੱਬੇ ਹੋਏ ਹਨ, ਜਿਸ ਨਾਲ ਮੁੰਬਈ ਦੀ ਲਾਈਫ ਲਾਈਨ ਕਹੀਆਂ ਜਾਣ ਵਾਲੀਆਂ ਲੋਕਲ ਟ੍ਰੇਨਾਂ ਦੀ ਰਫਤਾਰ ਮੱਠੀ ਪੈ ਗਈ ਹੈ। ਕੁਝ ਟ੍ਰੇਨਾਂ ਨੂੰ ਜਾਂ ਤਾਂ ਰੱਦ ਕਰਨਾ ਪਿਆ ਹੈ ਜਾਂ ਫਿਰ ਕੁਝ ਦੇ ਚੱਲਣ ਵਿਚ ਦੇਰੀ ਹੋ ਰਹੀ ਹੈ। ਇਸ ਦੌਰਾਨ ਮੁੰਬਈ ਨਾਲ ਲੱਗਦੇ ਠਾਣੇ ਵਿਚ ਅੱਜ ਤੜਕੇ ਮੀਂਹ ਕਾਰਨ ਇਕ ਕੰਧ ਢਹਿ ਜਾਣ ਕਾਰਨ ਅੱਠ ਲੋਕਾਂ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਘਟਨਾ ਦਿਆਨੇਸ਼ਵਰ ਨਗਰ ਵਿਚ ਵਾਪਰੀ, ਜਿਥੇ ਇਕ ਕੰਧ ਦਾ ਇਕ ਇਕ ਹਿੱਸਾ ਨੇੜਲੀਆਂ ਝੁੱਗੀਆਂ ਉਤੇ ਜਾ ਡਿੱਗਿਆ ਤੇ ਇਸ ਥੱਲੇ ਆਉਣ ਕਾਰਨ ਅੱਠ ਲੋਕ ਮਾਰੇ ਗਏ।

ਫ਼ਿਲਮ ਰਾਜਨੀਤੀ ’ਤੇ ਰਾਜਨੀਤੀ

ਜੈਪੁਰ, 16 ਜੂਨ (ਇੰਟ)-ਜੈਪੁਰ-ਅਜਮੇਰ ਨੈਸ਼ਨਲ ਹਾਈਵੇ ਸਥਿਤ ਇੱਕ ਹੋਟਲ ’ਚ ਰੁਕੇ ਭਾਰਤੀ ਜਨਤਾ ਪਾਰਟੀ ਦੇ ਵਿਧਾਇਕਾਂ ਨੂੰ ਸੀ. ਡੀ. ਤੋਂ ਫ਼ਿਲਮ ਰਾਜਨੀਤੀ ਦਿਖਾਉਣ ’ਤੇ ਪਾਇਰੇਸੀ ਕਾਨੂੰਨੀ ਦੀ ਉਲੰਘਣਾ ਦੱਸਦੇ ਹੋਏ ਜੈਪੁਰ ਦੀ ਇੱਕ ਅਦਾਲਤ ’ਚ ਬੀ.ਜੇ.ਪੀ. ਵਿਧਾਇਕ ਦਲ ਦੇ ਰਾਜੇਂਦਰ ਰਾਠੌਰ ਸਮੇਤ 3 ਦੇ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਮਾਮਲੇ ਨੂੰ ਪੇਸ਼ ਕਰਨ ਵਾਲੇ ਯੋਗੇਂਦਰ ਨੂੰ ਐਡਵੋਕੇਟ ਨੇ ਦੱਸਿਆ ਕਿ ਹੋਟਲੇ ’ਚ ਰੁਕੇ ਭਾਜਪਾ ਵਿਧਾਇਕਾਂ ਨੂੰ ਮੰਗਲਵਾਰ ਨੂੰ ਪਾਏਰੇਟਿਡ ਸੀ.ਡੀ. ਫ਼ਿਲਮ ਰਾਜਨੀਤੀ ਦਿਖਾਈ ਗਏ। ਇਹ ਪਾਏਰਸੀ ਕਾਨੂੰਨ ਅਤੇ ਪ੍ਰਯੋਗਿਕੀ ਕਾਨੂੰਨ ਦੀ ਉਲੰਘਣਾ ਹੈ। ਇਸ ਮਾਮਲੇ ’ਚ ਬੀ.ਜੇ.ਪੀ. ਦੇ ਮੈਨੇਜਰ ਅਤੇ ਮਾਲਿਕ ਦੇ ਖਿਲਾਫ਼ ਮਾਮਲਾ ਦਰਜ ਕਰਨ ਦੇ ਨਿਰਦੇਸ਼ ਦੇਣ ਦੇ ਹੁਕਮ ਦਿੱਤਾ। ਜਾਣਕਾਰੀ ਹੈ ਕਿ ਰਾਜ ਸਭਾ ਚੁਣਾਂ ਨੂੰ ਲੈ ਕੇ ਬੀ.ਜੀ.ਪੀ. ਉਮੀਦਵਾਰ ਵੀ.ਪੀ. ਸਿੰਘ ਅਤੇ ਰਾਮ ਜੇਠਮਲਾਨੀ ਦੀ ਸੀਟ ਪੱਕੀ ਕਰਨ ਦੇ ਲਈ ਬੀ. ਜੇ.ਪੀ.ਵਿਧਾਇਕਾਂ ਨੂੰ ਦੋ ਦਿਨ ਤੋਂ ਜੈਪੁਰ ਦੇ ਨਜ਼ਦੀਕ 20 ਕਿਲੋਮੀਟਰ ਦੂਰ ਇੱਕ ਹੋਟਲ ’ਚ ਠਹਿਰਾਇਆ ਗਿਆ ਹੈ। ਇਸ ਦੌਰਾਨ ਉਨ੍ਹਾਂ ਨੂੰ ਸੀ.ਡੀ. ਰਾਹੀਂ ਫ਼ਿਲਮ ਰਾਜਨੀਤੀ ਦਿਖਾਈ ਗਈ।

ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ’ਤੇ ਚਰਚਾ ਲਈ ਮੀਟਿੰਗ ਅਗਲੇ ਹਫ਼ਤੇ

ਨਵੀਂ ਦਿੱਲੀ, 16 ਜੂਨ (ਵਿਸ਼ਵ ਵਾਰਤਾ)-ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ’ਤੇ ਵਾਧੇ ਲਈ ਹੋਣ ਵਾਲੀ ਮੰਤਰੀ ਸਮੂਹ ਦੀ ਬੈਠਕ ਅਗਲੇ ਹਫ਼ਤੇ ਹੋਵੇਗੀ। ਇਸ ਦੌਰਾਨ ਮੰਨਿਆ ਜਾ ਰਿਹਾ ਹੈ ਕਿ ਸਰਕਾਰ ਪੈਟਰੋਲ ਦੀਆਂ ਕੀਮਤਾਂ ਪੂਰੀ ਤਰ੍ਹਾਂ ਕੰਟਰੋਲ ਮੁਕਤ ਕਰ ਸਕਦੀ ਹੈ, ਜਦੋਂ ਕਿ ਡੀਜ਼ਲ ਦੀਆਂ ਕੀਮਤਾਂ ’ਤੇ ਅੰਸ਼ਿਕ ਸਬਸਿਡੀ ਵਾਪਸ ਲਈ ਜਾ ਸਕਦੀ ਹੈ। ਇਸ ਨਾਲ ਇਨ੍ਹਾਂ ਦੀਆਂ ਕੀਮਤਾਂ ਕ੍ਰਮਵਾਰ ਚਾਰ ਅਤੇ ਦੋ ਰੁਪਏ ਵਧ ਸਕਦੀਆਂ ਹਨ। ਇਸ ਤੋਂ ਇਲਾਵਾ ਪੈਟਰੋਲੀਅਮ ਪਦਾਰਥਾਂ ਦਾ ਸਬਸਿਡੀ ਬੋਝ ਘੱਟ ਕਰਨ ਲਈ ਰਸੋਈ ਗੈਸ 25 ਰੁਪਏ ਹੋਰ ਮਹਿੰਗੀ ਹੋ ਸਕਦੀ ਹੈ। ਪੈਟਰੋਲੀਅਮ ਮੰਤਰੀ ਮੁਰਲੀ ਦੇਵੜਾ ਨੇ ਅੱਜ ਕਿਹਾ ਕਿ ਮੈਂ 17 ਜੂਨ ਨੂੰ ਮੰਤਰੀ ਮੰਡਲ ਦੀ ਬੈਠਕ ਤੋਂ ਬਾਅਦ ਮੰਤਰੀ ਸਮੂਹ ਦੀ ਬੈਠਕ ਲਈ ਕੋਸ਼ਿਸ਼ ਕਰ ਰਿਹਾ ਸੀ, ਪਰ ਈ.ਜੀ.ਓ.ਐਮ. ਵਿਚ ਸ਼ਾਮਿਲ ਹੋਏ ਕੁਝ ਮੰਤਰੀਆਂ ਦੀ ਵਿਵਸਥਾ ਕਰਕੇ ਇਹ ਬੈਠਕ ਕੱਲ੍ਹ ਨਹੀਂ ਹੋ ਸਕੇਗੀ।

ਸ਼ਹੀਦੀ ਪੁਰਬ ਸਬੰਧੀ ਉਪਰ ਤਸਵੀਰਾਂ ਵਿੱਚ ਮੁਹਾਲੀ, ਗੁਰਦੁਆਰਾ ਮਾਡਲ ਟਾਊਨ ਜਲੰਧਰ, ਲਾਇਲਪੁਰ ਖਾਲਸਾ ਕਾਲਜ ਜਲੰਧਰ ਆਯੋਜਿਤ ਧਾਰਮਿਕ ਸਮਾਗਮਾਂ ਦੌਰਾਨ ਕਥਾ ਕੀਰਤਨ, ਠੰਢੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਹਾਜ਼ਰ ਸੰਗਤਾਂ ਦਾ ਦ੍ਰਿਸ਼। (ਤਸਵੀਰਾਂ : ਵੀਨਾ ਰਾਜਪੂਤ ਅਤੇ ਇਕਬਾਲ ਸਿੰਘ ਉਭੀ)

ਸ਼ਰਧਾ, ਉਤਸ਼ਾਹ ਨਾਲ ਮਨਾਇਆ ਗਿਆ ਸ਼ਹੀਦੀ ਗੁਰਪੁਰਬ

ਅੰਮ੍ਰਿਤਸਰ, 16 ਜੂਨ (ਮੋਤਾ ਸਿੰਘ)-ਸ਼ਹੀਦਾਂ ਦੇ ਸਿਰਤਾਜ ਪੰਜਵੀਂ ਨਾਨਕ ਜੋਤਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਸੰਗਤਾਂ ਵੱਲੋਂ ਥਾਂ-ਥਾਂ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਲੰਗਰ ਲਗਾ ਕੇ ਮਨਾਇਆ ਗਿਆ। ਵੱਖ-ਵੱਖ ਗੁਰਦਿਆਰਿਆਂ ਵਿਖੇ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ਦੀਵਾਨ ਸੱਜੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਤੜਕਸਾਰ ਹੀ ਸੰਗਤਾਂ ਵੱਡੀ ਗਿਣਤੀ ਵਿੱਚ ਪੁੱਜਣੀਆਂ ਸ਼ੁਰੂ ਹੋ ਗਈਆਂ। ਸੰਗਤਾਂ ਨੇ ਕੀਰਤਨ ਸਰਵਣ ਕੀਤਾ ਅਤੇ ਪਾਵਨ ਸਰੋਵਰ ਵਿੱਚ ਇਸ਼ਨਾਨ ਕੀਤੇ। ਸ਼ਹਿਰ ਦੇ ਅੰਦਰ ਅਤੇ ਬਾਹਰੀ ਇਲਾਕਿਆਂ ਦੇ ਪਿੰਡਾਂ ਅਤੇ ਕਸਬਿਆਂ ਵਿੱਚ ਵੀ ਸ਼ਹੀਦੀ ਪੁਰਬ ਮਨਾਉਣ ਦੀਆਂ ਸੂਚਨਾਵਾਂ ਮਿਲੀਆਂ ਹਨ।

ਐਸ.ਏ.ਐਸ.ਨਗਰ ਤੋਂ ਵੀਨਾ ਰਾਜਪੂਤ ਅਨੁਸਾਰ - ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਟਰੱਸ਼ਟ ਦੇ ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਅਕਾਲ ਆਸ਼ਰਮ ਸੋਹਾਣਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਅਮਰਦੀਪ ਸਿੰਘ ਜੀ ਨੇ ਦੱਸਿਆ ਕਿ ਸਮਾਗਮ ਵਿਚ ਵੱਖ-ਵੱਖ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਦੁਆਰਾ ਨਿਹਾਲ ਕੀਤਾ । ਭਾਈ ਦਵਿੰਦਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਨੇ ਅੰਮ੍ਰਿਤ ਵੇਲੇ ਦੀ ਸਿਮਰਨ ਸਾਧਨਾ ਰਾਹੀ ਆਪਣੇ ਵੀਚਾਰ ਰੱਖੇ। ਉਨ੍ਹਾਂ ਨੇ ਕਥਾ ਕੀਰਤਨ ਦੀਆਂ ਵਿਚਾਰਾਂ ਰਾਹੀ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਕੇ ਪੂਰਨ ਗੁਰਸਿੱਖੀ ਸਰੂਪ ☛(ਬਾਕੀ ਸਫ਼ਾ 2 ’ਤੇ)

ਇੱਕ ਹੋਰ ਖਾੜਕੂ ਸੁੱਖਾ ਗ੍ਰਿਫ਼ਤਾਰ

ਪੁਲਿਸ ਹਿਰਾਸਤ ਵਿੱਚ ਖਾੜਕੂ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਨਾਲ ਦੀ ਤਸਵੀਰ ’ਚ ਬਰਾਮਦ ਹੋਏ ਹਥਿਆਰ ਦਿਖਾਉਂਦੇ ਹੋਏ ਪੁਲਿਸ ਅਧਿਕਾਰੀ। (ਤਸਵੀਰ : ਹਰਜੀਤ ਸਿੰਘ)

ਅੰਮ੍ਰਿਤਸਰ, 16 ਜੂਨ (ਮੋਤਾ ਸਿੰਘ)-ਪੁਲਿਸ ਨੇ ਇੱਕ ਹੋਰ ਖਾੜਕੂ ਸੁਖਦੇਵ ਸਿੰਘ ਉਰਫ ਸੁੱਖਾ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਸ ਪਾਸੋਂ ਵੱਡੀ ਮਾਤਰਾ ਵਿੱਚ ਅਸਲਾ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਨਾਰਕੋਟਿਕ ਸੈਲ ਅੰਦਰ ਕੰਮ ਕਰਦੇ ਸਪੈਸ਼ਲ ਸੈੱਲ ਆਫ ਇਨਵੈਸਟੀਗੇਸ਼ਨ ਵਿੰਗ ਦੇ ਅਧਿਕਾਰੀਆਂ ਏ.ਆਈ.ਜੀ. ਮਨਮਿੰਦਰ ਸਿੰਘ ਨੇ ਦੱਸਿਆ ਕਿ ਉਸ ਪਾਸੋਂ ਏ.ਕੇ. 74 ਅਸਾਲਟ ਰਾਈਫਲ, ਕੁਝ ਕਾਰਤੂਸ, ਇੱਕ ਮਸ਼ੀਨਗੰਨ, ਪਿਸਤੌਲ, ਕੁਝ ਹਰ ਅਸਲੇ ਤੋਂ ਇਲਾਵਾ ਇਕ ਕਿੱਲੋ 400 ਗਰਾਮ ਆਰ.ਡੀ.ਐੱਕਸ ਵੀ ਬ੍ਰਾਮਦ ਕੀਤਾ ਗਿਆ ਹੈ। ਉਨ੍ਹਾਂ ਪਿੰਡ ਰਤਨਗੜ੍ਹ ਤੋਂ ਖਲਚੀਆਂ ਆਉਂਦਿਆਂ ਇੱਕ ਨਾਕੇ ਦੌਰਾਨ ਕਾਬੂ ਕੀਤਾ ਗਿਆ। ਬੀਤੇ 8 ਮਈ ਨੂੰ ਅੰਮ੍ਰਿਤਸਰ ਰੇਲਵੇ ਸਟੇਸ਼ਨ ਨੇੜੇ ਆਰ.ਡੀ.ਐੱਕਸ ਲੱਗੇ ਸਿਲੰਡਰ ਬੰਬ ਵਾਲੀ ਕਾਰ ਜੋ ਨੇੜੇ ਦੀ ਅਬਾਦੀ ਨੂੰ ਉਡਾਉਣ ਦੀ ਸਾਜ਼ਿਸ਼ ਸੀ, ਇਸ ਪਿੱਛੇ ਵੀ ਇਸ ਦਾ ਹੱਥ ਸੀ। ਇਸ ਕਾਰ ਨੂੰ ਪੁਲਿਸ ਨੇ ਕਬਜ਼ੇ ਵਿੱਚ ਲਿਆ ਸੀ।

ਦੁਬਈ ਦੇ 17 ਪੀੜਤ ਪੰਜਾਬੀਆਂ ਦੀ ਅਗਲੀ ਪੇਸ਼ੀ 14 ਜੁਲਾਈ ਨੂੰ

ਸ਼ਾਰਜ਼ਾਹ (ਯੂ. ਏ. ਈ.), 16 ਜੂਨ (ਰਣਬੀਰ ਸਿੰਘ)-ਮੌਤ ਦੀ ਸਜ਼ਾ ਕੱਟ ਰਹੇ 17 ਪੰਜਾਬੀਆਂ ਦੀ ਅਗਲੀ ਪੇਸ਼ੀ ਹੁਣ 14 ਜੁਲਾਈ ਨੂੰ ਹੋਵੇਗੀ। ਜੱਜ ਯੂਨਸ-ਅਲ-ਰਿਦਾ ਦੇ ਛੁੱਟੀ ’ਤੇ ਹੋਣ ਕਾਰਨ ਅੱਜ ਦੂਜੇ ਜੱਜ ਦੀ ਅਦਾਲਤ ਵਿੱਚ ਦੋਸ਼ੀਆਂ ਨੂੰ ਪੇਸ਼ ਕੀਤਾ ਗਿਆ। ਜੱਜ ਨੇ ਦੁਭਾਸ਼ੀਏ ਬਲਦੀਪ ਸਿੰਘ ਨੂੰ ਪੁੱਛਿਆ ਕਿ ਕੀ ਉਹ ਅਰਬੀ ਭਾਸ਼ਾ ਬੋਲ ਸਕਦਾ ਹੈ ਤਾਂ ਉਸ ਨੇ ਕਿਹਾ ਕਿ ਮੈਂ ਇੰਗਲਿਸ਼ ਤੇ ਪੰਜਾਬੀ ਲਿਖ ਅਤੇ ਬੋਲ ਸਕਦਾ ਹਾਂ। ਇਸ ’ਤੇ ਜੱਜ ਨੇ ਕਿਹਾ ਕਿ ਨਹੀਂ ਮੈਨੂੰ ਅਰਬੀ ਅਤੇ ਪੰਜਾਬੀ ਭਾਸ਼ਾ ਬੋਲਣ ਵਾਲਾ ਦੁਭਾਸ਼ੀਆ ਚਾਹੀਦਾ ਹੈ ਅਤੇ ਸਰਕਾਰੀ ਵਕੀਲ ਨੂੰ ਅਗਲੀ ਤਾਰੀਕ ’ਤੇ ਦੁਭਾਸ਼ੀਏ ਦਾ ਪ੍ਰਬੰਧ ਕਰਨ ਲਈ ਕਿਹਾ। ਪੌਣੇ ਦੱਸ ਤੋਂ ਪੌਣੇ ਗਿਆਰ੍ਹਾਂ ਵਜੇ ਤੱਕ ਚੱਲੀ ਇਸ ਕਾਰਵਾਈ ਦੌਰਾਨ ਅਦਾਲਤ ਦਾ ਕਮਰਾ ਲੋਕਾਂ ਅਤੇ ਮੀਡੀਆ ਕਰਮੀਆਂ ਨਾਲ ਫੁੱਲ ਭਰਿਆ ਹੋਇਆ ਸੀ। ਅਦਾਲਤ ਤੋਂ ਬਾਹਰ ਜਦੋਂ ਮੀਡੀਆ ਨੇ ਬਚਾਅ ਪੱਖ ਦੇ ਵਕੀਲ ਨੂੰ ਪੁੱਛਿਆ ਕਿ ਸਤਾਰਾਂ ਵਿੱਚੋਂ ਇੱਕ ਦੋਸ਼ੀ ਅਰਵਿੰਦਰ ਸਿੰਘ ਅਦਾਲਤ ਵਿੱਚ ਹਾਜ਼ਰ ਕਿਉਂ ਨਹੀਂ ਹੋਇਆ ਤਾਂ ਵਕੀਲ ਦੇ ਸਹਿਯੋਗੀ ਮੈਡਮ ਬਿੰਦੂ ਨੇ ਕਿਹਾ ਕਿ ਉਹ ਬਿਮਾਰ ਹੈ ਅਤੇ ‘ਕਵੈਤੀ ਹਸਪਤਾਲ’ ਵਿੱਚ ਦਾਖਲ ਹੈ। ਪੱਤਰਕਾਰਾਂ ਨੇ ਕਿਹਾ ਕਿ ਸਾਨੂੰ ਪਤਾ ਲੱਗਾ ਹੈ ਕਿ ਉਸ ਨੂੰ ਪੁਲਿਸ ਟਾਰਚਰ ਕੀਤਾ ਹੈ ਤਾਂ ਮੈਡਮ ਬਿੰਦੂ ਨੇ ਇਨ੍ਹਾਂ ਦੋਸ਼ਾਂ ਨੂੰ ਮੁੱਢ ਤੋਂ ਹੀ ਰੱਦ ਕਰ ਦਿੱਤਾ। ਅਦਾਲਤ ਦੀ ਕਾਰਵਾਈ ਸ਼ੁਰੂ ਹੋਣ ਤੋਂ 15 ਮਿੰਟ ਬਾਅਦ ਪਹੁੰਚੇ ਹਿਊਮਨ ਰਾਇਟਸ ਦੇ ਨਵਕਿਰਨ ਸਿੰਘ ਵਕੀਲ ਅਦਾਲਤ ਵਿੱਚ ਪਿੱਛੇ ਹੀ ਖੜ੍ਹੇ ਰਹੇ। ਸਿੰਘ ਸਭਾ ਯੂ.ਏ.ਈ. ਦੇ ਮੈਂਬਰ ਭਾਈ ਹਰਦਿਆਲ ਸਿੰਘ ਰੋਡੇ, ਭਾਈ ਮਨਜੀਤ ਸਿੰਘ ਅਤੇ ਭਾਈ ਬਲਜੀਤ ਸਿੰਘ ਸਟਾਰ ਟਰਾਂਸਪੋਰਟ ਪੂਰੀ ਕਾਰਵਾਈ ਦੌਰਾਨ ਅਦਾਲਤ ਵਿੱਚ ਖੜ੍ਹੇ ਰਹੇ।

ਮਾਸਟਰ ਤਾਰਾ ਸਿੰਘ ਦਾ ਜਨਮ ਦਿਨ ਮਨਾਉਣ ਲਈ ਸਰਕਾਰੀ ਸਮਾਗਮ ਲੁਧਿਆਣਾ ’ਚ 24 ਨੂੰ

ਲੁਧਿਆਣਾ, 16 ਜੂਨ (ਰਾਜ ਜੋਸ਼ੀ)-ਸ. ਹੀਰਾ ਸਿੰਘ ਗਾਬੜੀਆ ਜੇਲ੍ਹ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਅਤੇ ਪ੍ਰਿੰਟਿੰਗ ਤੇ ਸਟੇਸ਼ਨਰੀ ਮੰਤਰੀ ਪੰਜਾਬ ਨੇ ਦੱਸਿਆ ਕਿ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ 126 ਵਾਂ ਜਨਮ ਦਿਵਸ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ 24 ਜੂਨ, 2010 ਨੂੰ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਵਿਖੇ ਰਾਜ ਪੱਧਰ ਦਾ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ ਉਹਨਾਂ ਦੱਸਿਆ ਕਿ ਇਸ ਸਮਾਗਮ ਪੰਜਾਬ ਕੈਬਨਿਟ ਦੇ ਬਹੁਤ ਸਾਰੇ ਮੰਤਰੀ ਅਤੇ ਐਮ.ਐਲ.ਏ ਵੀ ਸੰਬੋਧਨ ਕਰਨਗੇ ਉਹਨਾਂ ਦੱਸਿਆ ਕਿ ਇਸ ਸਮਾਗਮ ਵਿੱਚ ਸ. ਸੁਖਦੇਵ ਸਿੰਘ ਢੀਂਡਸਾ ਮੈਂਬਰ ਰਾਜ ਸਭਾ, ਸ. ਕ੍ਰਿਪਾਲ ਸਿੰਘ ਬਡੂੰਗਰ ਚੇਅਰਮੈਨ ਪੰਜਾਬ ਰਾਜ ਪੱਛੜੀਆਂ ਸ੍ਰੇਣੀਆਂ ਕਮਿਸ਼ਨ, ਸ. ਸੇਵਾ ਸਿੰਘ ਸੇਖਵਾ ਸੂਚਨਾ ਤੇ ਲੋਕ ਸੰਪਰਕ ਮੰਤਰੀ, ਸ. ਬਿਕਰਮ ਸਿੰਘ ਮਜੀਠੀਆ ਐਮ.ਐਲ.ਏ ਤੇ ਸਾਬਕਾ ਮੰਤਰੀ ਵੀ ਸੰਬੋਧਨ ਕਰਨਗੇ। ਸ. ਗਾਬੜੀਆ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਇਕ ਦੂਰਅਦੇਸ਼ ਅਤੇ ਦੇਸ਼ ਭਗਤ ਸਿੱਖ ਨੇਤਾ ਸਨ, ਜਿਨਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਜੋਂ ਪੰਜਾਬੀਆਂ ਦੀ ਲੰਬਾ ਸਮਾ ਅਗਵਾਈ ਕੀਤੀ ਉਹਨਾਂ ਕਿਹਾ ਕਿ ਮਾਸਟਰ ਤਾਰਾ ਸਿੰਘ ਇਕ ਸਮਰਪਿਤ ਅਤੇ ਇਮਾਨਦਾਰ ਨੇਤਾ ਸਨ ਜਿਨਾਂ ਨੇ ਹਮੇਸ਼ਾ ਪੰਜਾਬ ਅਤੇ ਪੰਜਾਬੀਅਤ ਦੇ ਹਿੱਤਾਂ ਦੀ ਪੂਰੀ ਤਰਾਂ ਰਖਵਾਲੀ ਕੀਤੀ ਸ. ਗਾਬੜੀਆ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਲਹੌਰ ਨੂੰ ਵੀ ਪੰਜਾਬ ਵਿੱਚ ਸ਼ਾਮਲ ਕਰਨ ਇੱਛਕ ਸਨ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਰਾਜ ☛(ਬਾਕੀ ਸਫ਼ਾ 2 ’ਤੇ)

ਪੰਛੀ ਜਹਾਜ਼ ਨਾਲ ਟਕਰਾਇਆ, ਇਕ ਹੋਰ ਹਾਦਸਾ ਟਲਿਆ

ਇੰਦੌਰ, 16 ਜੂਨ (ਵਿਸ਼ਵ ਵਾਰਤਾ)-ਏਅਰ ਇੰਡੀਆ ਦਾ ਇਕ ਹੋਰ ਜਹਾਜ਼ ਵੱਡੇ ਹਾਦਸੇ ਤੋਂ ਬਚ ਗਿਆ। ਜਾਣਕਾਰੀ ਅਨੁਸਾਰ ਇਹ ਜਹਾਜ਼ ਇੰਦੌਰ ਹਵਾਈ ਅੱਡੇ ’ਤੇ ਲੈਂਡਿੰਗ ਦੇ ਸਮੇਂ ਪੰਛੀ ਨਾਲ ਟਕਰਾ ਗਿਆ। ਹਾਲਾਂਕਿ ਪਾਇਲਟ ਦੀ ਚੌਕਸੀ ਨਾਲ ਇਸ ਵਿਚ ਬੈਠੇ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਉਤਾਰ ਲਿਆ ਗਿਆ। ਸੂਤਰਾਂ ਮੁਤਾਬਿਕ ਸ਼ਹਿਰ ਦੇ ਦੇਵੀ ਅਹਿਲਾਆਬਾਈ ਹਵਾਈ ਅੱਡੇ ’ਤੇ ਏਅਰ ਇੰਡੀਆ ਦਾ ਜਹਾਜ਼ ਆਈ.ਸੀ. 133 ਲੈਂਡ ਕਰ ਰਿਹਾ ਸੀ ਤਦ ਇਸ ਨਾਲ ਇਕ ਚਿੜੀ ਆ ਕੇ ਟਕਰਾ ਗਈ। ਇਸ ਜਹਾਜ਼ ਨੂੰ ਇਥੋਂ ਭੋਪਾਲ ਹੁੰਦੇ ਹੋਏ ਦਿੱਲੀ ਜਾਣਾ ਸੀ। ਜਹਾਜ਼ ਵਿਚ 146 ਲੋਕ ਸਵਾਰ ਸਨ। ਇਹ ਲਗਾਤਾਰ ਦੂਸਰਾ ਮੌਕਾ ਹੈ ਜਦੋਂ ਏਅਰ ਇੰਡੀਆ ਦਾ ਜਹਾਜ਼ ਕਿਸੇ ਹਾਦਸੇ ਤੋਂ ਬਚਿਆ ਹੈ। ਕੱਲ੍ਹ ਦਿੱਲੀ ਹਵਾਈ ਅੱਡੇ ’ਤੇ ਏਅਰ ਇੰਡੀਆ ਦੇ ਜਹਾਜ਼ ਦਾ ਟਾਈਰ ਫਟ ਗਿਆ ਸੀ ਤੇ ਇਕ ਵੱਡਾ ਹਾਦਸਾ ਹੋਣੋਂ ਟਲ ਗਿਆ ਸੀ।

ਮਨਮੋਹਨ ਸਿੰਘ ਤੇ ਸੋਨੀਆ ਨੇ ਅਜਮੇਰ ਸ਼ਰੀਫ ’ਤੇ ਚਾਦਰ ਚੜ੍ਹਾਈ

ਅਜਮੇਰ, 16 ਜੂਨ (ਵਿਸ਼ਵ ਵਾਰਤਾ)-ਪ੍ਰਸਿੱਧ ਸੂਫੀ ਸੰਤ ਖਵਾਜਾ ਮੋਈਨੁਦੀਨ ਹਸਨ ਚਿਸ਼ਤੀ ਜਿਨ੍ਹਾਂ ਦੀ 798ਵੀਂ ਸਾਲਾਨਾ ਉਰਸ ਅੱਜ ਮਨਾਈ ਜਾ ਰਹੀ ਹੈ, ਦੇ ਸਬੰਧ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਵੱਲੋਂ ਉਨ੍ਹਾਂ ਦੀ ਪਵਿੱਤਰ ਮਜ਼ਾਰ ’ਤੇ ਮਖ਼ਮਲੀ ਚਾਦਰਾਂ ਚੜ੍ਹਾਈਆਂ ਗਈਆਂ। ਪ੍ਰਧਾਨ ਮੰਤਰੀ ਵੱਲੋਂ ਪ੍ਰਿਥਵੀ ਰਾਜ ਚੌਹਾਨ ਅਤੇ ਸੋਨੀਆ ਗਾਂਧੀ ਵੱਲੋਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਵੱਲੋਂ ਚਾਦਰਾਂ ਚੜ੍ਹਾਈਆਂ ਗਈਆਂ। ਜਦੋਂ ਕਿ ਇਸ ਸਮੇਂ ਉਨ੍ਹਾਂ ਦੇ ਨਾਲ ਕੇਂਦਰੀ ਸਮਾਜਿਕ ਨਿਆਂ ਮੰਤਰੀ ਮੁਕਲ ਵਾਸਨਿਕ ਤੇ ਕੇਂਦਰੀ ਪੇਂਡੂ ਵਿਕਾਸ ਮੰਤਰੀ ਡਾ. ਸੀ.ਪੀ. ਜੋਸ਼ੀ, ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਲਮਾਨ ਖੁਸ਼ੀਰ, ਕੇਂਦਰੀ ਰਾਜ ਮੰਤਰੀ ਸਚਿਨ ਪਾਇਲਟ ਆਦਿ ਵੀ ਹਾਜ਼ਿਰ ਸਨ। ਇਸ ਮੌਕੇ ਪ੍ਰਧਾਨ ਮੰਤਰੀ ਅਤੇ ਸੋਨੀਆ ਗਾਂਧੀ ਵੱਲੋਂ ਆਪਣੇ ਭੇਜੇ ਗਏ ਸੰਦੇਸ਼ਾਂ ਵਿਚ ਕਿਹਾ ਗਿਆ ਕਿ ਖਵਾਜਾ ਸਾਹਿਬ ਸਾਡੇ ਸਾਰਿਆਂ ਦੇ ਪ੍ਰੇਰਣਾ ਸ੍ਰੋਤ ਹਨ; ਜਿਨ੍ਹਾਂ ਦੇ ਸੰਦੇਸ਼ ਅੱਜ ਵੀ ਸਾਰਿਆਂ ਲਈ ਲਾਹੇਵੰਦ ਹਨ। ਉਨ੍ਹਾਂ ਨੇ ਉਰਸ ਦੀ ਕਾਮਯਾਬੀ ਲਈ ਦੁਆ ਮੰਗੀ ਅਤੇ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ। ਅੰਜਮਨ ਵੱਲੋਂ ਸਦਰ ਗੁਲਾਮ ਕਿਬਰੀਆ ਨੇ ਸਾਰਿਆਂ ਦੀ ਦਸਤਾਰਬੰਦੀ ਕੀਤੀ ਗਈ।

ਸਿਹਤ ਪੱਖੋਂ ਹੁਸ਼ਿਆਰਪੁਰ ਪਹਿਲੇ ਸਥਾਨ ’ਤੇ

ਨਵੀਂ ਦਿੱਲੀ, 16 ਜੂਨ (ਵਿਸ਼ਵ ਵਾਰਤਾ)-ਇਕ ਸਰਵੇ ਅਨੁਸਾਰ ਰਹਿਣ ਲਈ ਰਾਜਧਾਨੀ ਨਵੀਂ ਦਿੱਲੀ ਭਾਰਤ ਦੀ ਸਭ ਤੋਂ ਚੰਗੀ ਥਾਂ ਹੈ। ਜਦੋਂ ਕਿ ਭਾਰਤ ਦੀ ਆਰਥਿਕ ਨਗਰੀ ਮੁੰਬਈ ਦੂਸਰੇ ਸਥਾਨ ’ਤੇ ਹੈ। ਟਾਟਾ ਸਟ੍ਰੇਟੈਜਿਕ ਮੈਨੇਜਮੈਂਟ ਗਰੁੱਪ ਵੱਲੋਂ ਕਰਵਾਇਆ ਗਿਆ ਇਹ ਸਰਵੇ ਸਿੱਖਿਆ, ਸਫਾਈ, ਮਨੋਰੰਜਨ, ਸੰਚਾਰ, ਸਿਹਤ ਤੇ ਟਰਾਂਸਪੋਰਟ ਵਰਗੀਆਂ ਸਹੂਲਤਾਂ ਦੇ ਆਧਾਰ ’ਤੇ ਕੀਤਾ ਗਿਆ ਹੈ।

ਇਸ ਸਰਵੇ ਵਿਚ ਉੜੀਸਾ ਦੇ ਰਾਏਗੜਾ ਅਤੇ ਕੰਧਮਾਲ ਸਭ ਤੋਂ ਹੇਠਲੇ ਸਥਾਨ ’ਤੇ ਹਨ। ਇਸ ਤੋਂ ਇਲਾਵਾ ਸਿਹਤ ਦੇ ਪੱਖੋਂ ਪੰਜਾਬ ਦੇ ਹੁਸ਼ਿਆਰਪੁਰ ਅਤੇ ਕੇਰਲ ਦੇ ਕੋਟਾਇਮ ਪਹਿਲੇ ਸਥਾਨ ’ਤੇ ਹਨ, ਜਦੋਂ ਕਿ ਕਰਨਾਟਕ ਦੇ ਕੋਪਾਲ ਇਸ ਵਿਚ ਸਭ ਤੋਂ ਹੇਠਲੇ ਸਥਾਨ ’ਤੇ ਹਨ। ਇਸ ਸਰਵੇਖਣ ਵਿਚ ਭਾਰਤ ਦੇ ਲਗਪਗ 600 ਜ਼ਿਲ੍ਹਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਸਹਿਵਾਗ ਨੇ ਗੇਂਦਬਾਜ਼ੀ ’ਚ ਬਣਾਇਆ ਵਿਸ਼ਵ ਰਿਕਾਰਡ

ਦਾਮਬੁਲਾ, 16 ਜੂਨ (ਵਿਸ਼ਵ ਵਾਰਤਾ)- ਬੱਲੇਬਾਜ਼ੀ ਵਿਚ ਕਈ ਵਿਸ਼ਵ ਰਿਕਾਰਡ ਬਣਾਉਣ ਵਾਲੇ ਭਾਰਤ ਦੇ ਸਲਾਮੀ ਬੱਲੇਬਾਜ਼ ਵਰਿੰਦਰ ਸਹਿਵਾਗ ਨੇ ਅੱਜ ਗੇਂਦਬਾਜ਼ੀ ਨਾਲ ਵਿਸ਼ਵ ਰਿਕਾਰਡ ਬਣਾ ਦਿੱਤਾ। ਏਸ਼ੀਆ ਕੱਪ ਟੂਰਨਾਮੈਂਟ ਵਿਚ ਅੱਜ ਬੰਗਲਾਦੇਸ਼ ਖਿਲਾਫ਼ ਖੇਡੇ ਗਏ ਮੈਚ ਵਿਚ ਸਹਿਵਾਗ 4 ਖਿਡਾਰੀਆਂ ਨੂੰ ਆਊਟ ਕੀਤਾ। ਸਹਿਵਾਗ ਨੇ ਇਹ ਵਿਕਟਾਂ ਕੇਵਲ 17 ਗੇਂਦਾਂ ਵਿਚ ਹੀ ਹਾਸਿਲ ਕਰ ਲਈਆਂ। ਤੇਜ਼ੀ ਨਾਲ ਦੌੜਾਂ ਬਣਾਉਣ ਲਈ ਮਸ਼ਹੂਰ ਸਹਿਵਾਗ ਨੇ ਅੱਜ ਤੇਜ਼ੀ ਨਾਲ ਵਿਕਟਾਂ ਲੈ ਕੇ ਬੰਗਲਾਦੇਸ਼ ਦੀ ਪੂਰੀ ਟੀਮ ਨੂੰ 167 ਦੌੜਾਂ ’ਤੇ ਹੀ ਆਲ ਆਊਟ ਕਰ ਦਿੱਤਾ। ਸਹਿਵਾਗ 2.5 ਓਵਰਾਂ ਵਿਚ ਕੇਵਲ 6 ਦੌੜਾਂ ਦੇ ਕੇ 4 ਖਿਡਾਰੀਆਂ ਨੂੰ ਆਊਟ ਕੀਤਾ। ਹਾਲਾਂਕਿ ਸਹਿਵਾਗ ਅੱਜ ਬੱਲੇਬਾਜ਼ੀ ਵਿਚ ਕੁਝ ਖਾਸ ਨਾ ਕਰ ਸਕੇ ਤੇ 11 ਦੌੜਾਂ ’ਤੇ ਹੀ ਕੈਚ ਆਊਟ ਹੋ ਗਏ। ਸਹਿਵਾਗ ਤੋਂ ਇਲਾਵਾ ਇਸ ਮੈਚ ਵਿਚ ਅਸ਼ੀਸ਼ ਨਹਿਰਾ ਨੇ 2, ਜਦੋਂ ਕਿ ਪ੍ਰਵੀਨ ਕੁਮਾਰ, ਹਰਭਜਨ ਸਿੰਘ, ਰਵਿੰਦਰ ਜਡੇਜਾ, ਰੋਹਿਤ ਸ਼ਰਮਾ ਨੇ 1-

ਛੇੜਛਾੜ ਦੇ ਮਾਮਲੇ ’ਚ ਸਾਬਕਾ ਆਈ.ਜੀ. ਨੂੰ ਨਹੀਂ ਮਿਲੀ ਅਗਾਊਂ ਜ਼ਮਾਨਤ

ਯਮੁਨਾਨਗਰ, 16 ਜੂਨ (ਵਿਸ਼ਵ ਵਾਰਤਾ)-ਜ਼ਿਲ੍ਹਾ ਅਤੇ ਸੈਸ਼ਨ ਜੱਜ ਯਮੁਨਾਨਗਰ ਆਰ.ਸੀ. ਗਦਾਰਾ ਨੇ ਸਾਬਕਾ ਆਈ.ਜੀ. ਐਮ.ਐਸ. ਅਹਿਲਾਵਤ ਵੱਲੋਂ ਪਾਈ ਅਗਾਊਂ ਜ਼ਮਾਨਤ ਦੀ ਅਰਜ਼ੀ ਖਾਰਿਜ ਕਰ ਦਿੱਤੀ।

ਹਰਿਆਣਾ ਦੇ ਇਸ ਸਾਬਕਾ ਆਈ.ਜੀ. ਦੇ ਖਿਲਾਫ਼ 2002 ਵਿਚ ਜਦੋਂ ਕਿ ਉਹ ਯਮੁਨਾਨਗਰ ਦੇ ਐਸ.ਪੀ. ਦੇ ਅਹੁਦੇ ’ਤੇ ਸਨ, ਸਮੇਂ ਇਕ ਮਹਿਲਾ ਵਕੀਲ ਨਾਲ ਛੇੜਛਾੜ ਕਰਨ ਦੇ ਦੋਸ਼ ਅਧੀਨ 8 ਸਾਲ ਬਾਅਦ ਪਰਚਾ ਦਰਜ ਕੀਤਾ ਗਿਆ ਹੈ। ਮਹਿਲਾ ਵਕੀਲ ਨੇ ਉਕਤ ਪੁਲਿਸ ਅਧਿਕਾਰੀ ਦੇ ਖਿਲਾਫ਼ ਦੋਸ਼ ਲਾਇਆ ਹੈ ਕਿ ਜਦੋਂ ਉਹ ਆਪਣੇ ਪਤੀ ਦੇ ਖਿਲਾਫ਼ ਸ਼ਿਕਾਇਤ ਲੈ ਕੇ ਉਕਤ ਅਧਿਕਾਰੀ ਕੋਲ ਇਨਸਾਫ ਲੈਣ ਲਈ ਗਈ ਸੀ ਤਾਂ ਉਕਤ ਅਧਿਕਾਰੀ ਨੇ ਉਸ ਨਾਲ ਜਬਰੀ ਸੈਕਸ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।

ਭਾਜਪਾ ’ਚ ਜਸਵੰਤ ਦੇ ਬਾਅਦ ਹੁਣ ਓਮਾ ਦੀ ਵਾਪਸੀ !

ਰਾਏਪੁਰ, 16 ਜੂਨ (ਇੰਟ.)-ਭਾਜਪਾ ’ਚ ਬਗਾਵਤ ਕਰ ਭਾਜਸ਼ ਪਾਰਟੀ ਬਣਾਉਣ ਵਾਲੀ ਓਮਾ ਭਾਰਤੀ ਦੀ ਵੀ ਪਾਰਟੀ ’ਚ ਵਾਪਸੀ ਦੀਆਂ ਅਟਕਲਾਂ ਤੇਜ਼ ਹੋ ਗਈਆਂ ਹਨ। ਇੱਕ ਦਿਨ ਪਹਿਲਾਂ ਹੀ ਭਾਜਪਾ ਤੋਂ ਕੱਢੇ ਗਏ ਨੇਤਾ ਜਸਵੰਤ ਸਿੰਘ ਦੀ ਵਾਪਸੀ ਹੋਣਾ ਤੈਅ ਦੱਸਿਆ ਗਿਆ ਸੀ। ਸੂਤਰਾਂ ਦੇ ਮੁਤਾਬਿਕ ਓਮਾ ਭਾਰਤੀ ਅੱਜ ਭਾਜਪਾ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਅਤੇ ਰਾਜਨਥਾ ਸਿੰਘ, ਬੁਲਾਰਾ ਰਵੀਸ਼ੰਕਰ ਪ੍ਰਸਾਦ ਦੇ ਨਾਲ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਦੇ ਪਿਤਾ ਦੀ ਤੇਹਰਵੀਂ ’ਤੇ ਪਹੁੰਚੀ। ਨਵੀਂ ਦਿੱਲੀ ਤੋਂ ਵਿਸ਼ੇਸ ਜਹਾਜ਼ ’ਚ ਓਮਾ ਅਡਵਾਨੀ ਦੇ ਨਾਲ ਰਾਏਪੁਰ ਪਹੁੰਚੀ ਅਤੇ ਇੱਥੋਂ ਤੋਂ ਹੈਲੀਕਾਪਟਰ ’ਚ ਬੈਠ ਕਵਰਧਾ ਗਈ। ਅਡਵਾਨੀ ਦੇ ਨਾਲ ਓਮਾ ਨੂੰ ਦੇਖਿਆ ਜਾਣਾ ਉਨ੍ਹਾਂ ਦੀ ਭਾਜਪਾ ’ਚ ਵਾਪਸੀ ਦਾ ਸੰਕੇਤ ਮੰਨਿਆ ਜਾ ਰਿਹਾ ਹੈ। ਭਾਜਪਾ ਸੂਤਰਾਂ ਨੇ ਦੱਸਿਆ ਕਿ ਚਾਰੇ ਨੇਤਾ ☛(ਬਾਕੀ ਸਫ਼ਾ 2 ’ਤੇ)

ਜੂਨ ’84 ਦੀ 26ਵੀਂ ਵਰ੍ਹੇਗੰਢ ਗਤਕਾ ਮੁਕਾਬਲੇ ਕਰਵਾ ਕੇ ਮਨਾਈ

ਕੇਂਦਰ ਸਰਕਾਰ ਧਰਮ ਯੁੱਧ ਮੋਰਚੇ ਦੀਆਂ ਸਮੂਹ ਮੰਗਾਂ ਤੁਰੰਤ ਪ੍ਰਵਾਨ ਕਰੇ-ਭਾਈ ਜਸਵੀਰ ਸਿੰਘ

ਮਲਕੀਤ ਸਿੰਘ ਬਰਾੜ

ਸ੍ਰੀ ਮੁਕਤਸਰ ਸਾਹਿਬ, 16 ਜੂਨ - ਬੀਤੇ ਦਿਨੀਂ 12 ਜੂਨ ਦਿਨ ਸਨਿਚਰਵਾਰ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਪਵਿੱਤਰ ਧਰਤੀ ’ਤੇ ਸ੍ਰੀ ਦਰਬਾਰ ਸਾਹਿਬ ਉੱਪਰ ਹੋਏ ਹਮਲੇ ਦੀ 26ਵੀਂ ਵਰ੍ਹੇਗੰਢ ਸਿੱਖਾਂ ਦੀਆਂ ਪੁਰਾਤਨ ਖੇਡਾਂ ਗਤਕਾ ਪਾਰਟੀਆਂ ਦਾ ਮੁਕਾਬਲਾ ਕਰਵਾ ਕੇ ਮਨਾਈ ਗਈ। ਇਸ ਮੌਕੇ ਉੱਪਰ ਮਾਲਵਾ ਇਲਾਕੇ ਦੀਆਂ ਪ੍ਰਸਿੱਧ ਗਤਕਾ ਪਾਰਟੀਆਂ ਨੇ ਹਿੱਸਾ ਲਿਆ। ਗਤਕਾ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਨੌਜਵਾਨਾਂ ਨੇ ਗਤਕਿਆਂ ਦੇ ਜੌਹਰ ਦਿਖਾਏ। ਗਤਕਾ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਨੌਜਵਾਨਾਂ ਦੀ ਗਿਣਤੀ ਲਗਭਗ 7-8 ਸੌ ਦੇ ਕਰੀਬ ਸੀ। ਇਹ ਗਤਕਾ ਜੌਹਰ ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਚ ਸਥਿਤ ਭਾਈ ਮਹਾਂ ਸਿੰਘ ਹਾਲ ਵਿਖੇ ਕਰਵਾਏ ਗਏ। ਇਨ੍ਹਾਂ ਗਤਕਾ ਮੁਕਾਬਲਿਆਂ ਦਾ ਪ੍ਰਬੰਧ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਦੇ ਸਪੁੱਤਰ ਭਾਈ ਤਰਲੋਚਨ ਸਿੰਘ, ਸਿੱਖੀ ਸਰੂਪ ਅਤੇ ਜਜ਼ਬੇ ਨਾਲ ਭਰਪੂਰ ਸਿੱਖ ਵਿਦਿਆਰਥੀਆਂ ਜਿਨ੍ਹਾਂ ਵਿਚ ਸ. ਜਸਬੀਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਸ਼ਾਮਿਲ ਸਨ, ਵੱਲੋਂ ਕਰਵਾਇਆ ਗਿਆ। ਮੁਕਤਸਰ ਦੀ ਪਵਿੱਤਰ ਧਰਤੀ ਉਪਰ ਗਤਕਾ ਖੇਡਾਂ ਦੌਰਾਨ ਇਹ ਵੱਖਰੀ ਕਿਸਮ ਦਾ ਖਾਲਸਾਈ ਨਜ਼ਾਰਾ ਦਿਖਾਈ ਦੇ ਰਿਹਾ ਸੀ। ਭਾਈ ਤਰਲੋਚਨ ਸਿੰਘ ਵੱਲੋਂ ਸਮੂਹ ਗਤਕਾ ਪਾਰਟੀਆਂ ਅਤੇ ਬਾਹਰੋਂ ਆਈਆਂ ਪੰਥਕ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ’ਤੇ ਗੱਲਬਾਤ ਕਰਦੇ ਭਾਈ ਤਰਲੋਚਨ ਸਿੰਘ ਨੇ ☛(ਬਾਕੀ ਸਫ਼ਾ 2 ’ਤੇ)

ਛਬੀਲ ਲਗਾਉਣ ਤੋਂ ਝਗੜਾ-ਦੋ ਜ਼ਖ਼ਮੀ

ਜਲੰਧਰ, 16 ਜੂਨ (ਨਵਜੋਤ ਸੈਣੀ)-ਸਿਵਲ ਹਸਪਤਾਲ ਵਿੱਚ ਬੀਤੀ ਰਾਤ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਪਿੰਡ ਰੰਧਾਵਾ ਮਸੰਦਾਂ ਵਿੱਚ ਹੋਏ ਇੱਕ ਝਗੜੇ ਸੰਬੰਧੀ ਪਰਚਾ ਕਰਵਾਉਣ ਲਈ ਆਏ ਦੋ ਧਿਰਾਂ ਦੇ ਸਮਰੱਥਕ ਆਪਸ ਵਿੱਚ ਭਿੜ ਗਏ। ਹਸਪਤਾਲ ਦੇ ਡਾਕਟਰ ਵੱਲੋਂ ਹੂਟਰ ਵਜਾਏ ਜਾਣ ਤੋਂ ਬਾਅਦ ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਸਥਿਤੀ ’ਤੇ ਕਾਬੂ ਪਾਇਆ। ਪੁਲਿਸ ਨੇ ਇਸ ਮਾਮਲੇ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪਿੰਡ ਦੇ ਸਰਪੰਚ ਮੋਹਨ ਸਿੰਘ ਪੁੱਤਰ ਦੌਲਤ ਰਾਮ ਨੇ ਦੱਸਿਆ ਕਿ ਬੀਤੀ ਸ਼ਾਮ ਉਸ ਦਾ ਪੁੱਤਰ ਅਮਰੀਕ ਚੰਦ ਅਤੇ ਉਸ ਦੇ ਦੋਸਤ ਸਿਕੰਦਰ ਦਾ ਪਿੰਡ ਵਿੱਚ ਛਬੀਲ ਲਗਾਉਣ ਨੂੰ ਲੈ ਕੇ ਪਿੰਡ ਦੇ ਹੀ ਗਿਆਨ ਚੰਦ ਨਾਲ ਵਿਵਾਦ ਹੋ ਗਿਆ ਅਤੇ ਉਸ ਨੇ ਉਨ੍ਹਾਂ ਦੋਹਾਂ ਨੂੰ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਜ਼ਖ਼ਮੀ ਕਰ ਦਿੱਤਾ। ਦੂਜੇ ਪਾਸੇ ਗਿਆਨ ਚੰਦ ਨੇ ਕਿਹਾ ਕਿ ਅਮਰੀਕ ਚੰਦ ਅਤੇ ਸਿਕੰਦਰ ਉਸ ਨੂੰ ਪਿੰਡ ਵਿੱਚ ਛਬੀਲ ਲਗਾਉਣ ਤੋਂ ਰੋਕ ਰਹੇ ਸਨ। ਇਸੇ ਕਕੇ ਉਨ੍ਹਾਂ ਦੇ ਸਾਥੀਆਂ ਸਮੇਤ ਉਸ ਨੂੰ ਜ਼ਖ਼ਮੀ ਕਰ ਦਿੱਤਾ। ਰਾਤ ਕਰੀਬ 1 ਵਜੇ ਮੋਹਨ ਸਿੰਘ ਅਤੇ ਗਿਆਨ ਚੰਦ ਹਸਪਤਾਲ ਵਿੱਚ ਭਿੜ ਪਏ ਤੇ ਭਾਰੀ ਹੰਗਾਮਾ ਹੋ ਗਿਆ।

ਡਿਊਟੀ ’ਤੇ ਤਾਇਨਾਤ ਡਾਕਟਰ ਵੱਲੋਂ ਐਮਰਜੈਂਸੀ ਹੂਟਰ ਵਜਾਏ ਜਾਣ ’ਤੇ ਥਾਣਾ 4 ਦੇ ਮੁਖੀ ਸਕੱਤਰ ਸਿੰਘ ਪੁਲਿਸ ਫੋਰਸ ਸਮੇਤ ਮੌਕੇ ’ਤੇ ਪਹੁੰਚੇ। ਪੁਲਿਸ ਨੇ ਉਥੋਂ ਗਿਆਨ ਚੰਦ ਅਤੇ ਮੋਹਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਥਾਣਾ ਚਾਰ ਦੇ ਏ.ਐਸ.ਆਈ. ਜਰਨੈਲ ਸਿੰਘ ਦੇ16 ਜੂਨ ਬਿਆਨਾਂ ’ਤੇ ਉਨ੍ਹਾਂ ਖਿਲਾਫ ਧਾਰਾ 107/151ਦੇ ਤਹਿਤ ਕਾਰਵਾਈ ਕੀਤੀ ਗਈ ਹੈ।